**Academe** *Journal of Education & Psychology* *ISSN: 2249-040X*
*Volume-16, Issue-2, Year-2026 (July-December)* *Peer Reviewed & Refereed Journal (IF: 6.25)*
*PP: 1-6* *Journal Website [www.academejournal.in](www.academejournal.in)*

# ਕਹਾਣੀਕਾਰ ਅਜਮੇਰ ਸਿੱਧੂ ਦੀਆਂ ਕਹਾਣੀਆਂ : ਆਲੋਚਨਾਤਮਕ ਵਿਚਾਰਧਾਰਾ

**ਅਸ਼ੋਕ ਕੁਮਾਰ**

ਸਹਾਇਕ ਪ੍ਰੋਫ਼ੈਸਰ

ਐਸ.ਜੀ.ਜੀ. ਐਸ ਖਾਲਸਾ ਕਾਲਜ, ਮਾਹਿਲਪੁਰ।

---

ਆਧੁਨਿਕ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਅਨੇਕਾਂ ਲੇਖਕਾਂ ਨੇ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿੱਚੋਂ ਸ੍ਰੀ ਅਜਮੇਰ ਸਿੱਧੂ ਦੀ ਆਪਣੀ ਵਿਸ਼ੇਸ਼ ਥਾਂ ਹੈ। ਅਜਮੇਰ ਸਿੱਧੂ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਦਾ ਮਹੱਤਵਪੂਰਨ ਲੇਖਕਾਂ ਵਿੱਚੋਂ ਇਕ ਹੈ। ਇਸ ਪ੍ਰਾਪਤੀ ਪਿੱਛੇ ਉਸ ਵੱਲੋਂ ਲਿਖੀਆਂ ਪੰਜਾਬੀ ਦੀਆਂ ਅਨੇਕਾਂ ਸ਼ਾਨਦਾਰ ਕਹਾਣੀਆਂ ਹਨ। ਉਸਨੇ ਪੰਜਾਬੀ ਕਹਾਣੀ ਦੀ ਸਿਰਜਣਾ ਵਿੱਚ ਪੰਜ ਪੁਸਤਕਾਂ ਲਿਖ ਕੇ ਵੱਡਾ ਯੋਗਦਾਨ ਪਾਇਆ ਹੈ। ਕਹਾਣੀ ਤੋਂ ਇਲਾਵਾ ਜੀਵਨੀਆਂ, ਇਤਿਹਾਸ ਲੇਖਣ ਅਤੇ ਸੰਪਾਦਨਾ ਦੇ ਖੇਤਰ ਵਿੱਚ ਵੀ ਅਜਮੇਰ ਸਿੱਧੂ ਦਾ ਚੌਖਾ ਕੰਮ ਹੈ। ਇਸ ਵੇਲੇ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਅਜਮੇਰ ਸਿੱਧੂ ਦੀਆਂ ਕਹਾਣੀਆਂ ਵਿਦਿਆਰਥੀਆਂ ਦੇ ਸਿਲੇਬਸ ਦਾ ਅੰਗ ਹਨ। ਪੰਜਾਬੀ ਤੋਂ ਇਲਾਵਾ ਅਜਮੇਰ ਸਿੱਧੂ ਦੀਆਂ ਕਹਾਣੀਆਂ ਅਤੇ ਜੀਵਨੀ ਲਿਖਤਾਂ ਨੂੰ ਲਹਿੰਦੇ ਪੰਜਾਬ ਦੀ ਸ਼ਾਹਮੁਖੀ ਪੰਜਾਬੀ, ਹਿੰਦੀ, ਰਾਜਸਥਾਨੀ ਅੰਗਰੇਜ਼ੀ ਅਤੇ ਬੰਗਲਾ ਭਾਸ਼ਾ ਵਿੱਚ ਵੀ ਪਾਠਕਾਂ ਦਾ ਵੱਡਾ ਹੁੰਗਾਰਾ ਪ੍ਰਾਪਤ ਹੋਇਆ ਹੈ। ਉਨ੍ਹਾਂ ਦੀਆਂ ਕਹਾਣੀਆਂ ਅਤੇ ਹੋਰ ਪੁਸਤਕਾਂ ਉੱਤੇ ਵੱਖ ਵੱਖ ਯੂਨੀਵਰਸਿਟੀਆਂ ਵਿੱਚ ਪੀ.ਐੱਚ.ਡੀ. ਅਤੇ ਐੱਮ.ਫਿਲ. ਦੇ ਖੋਜ ਕਾਰਜ ਹੋ ਚੁੱਕੇ ਹਨ ਅਤੇ ਅਨੇਕਾਂ ਆਲੋਚਨਾਤਮਿਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਸ੍ਰੀ ਅਜਮੇਰ ਸਿੱਧੂ ਦਾ ਜਨਮ 17 ਮਈ 1970 ਨੂੰ ਪਿਤਾ ਸਰਦਾਰ ਬੂਝਾ ਸਿੰਘ ਅਤੇ ਮਾਤਾ ਦਰੋਪਤੀ ਦੇ ਘਰ ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਜਾਫਰਪੁਰ ਵਿੱਚ ਹੋਇਆ। ਪਿੰਡ ਦੇ ਸੀਮਤ ਖੇਤੀ ਪਿਛੋਕੜ ਵਾਲੇ ਪਰਿਵਾਰ ਵਿੱਚ ਜਨਮ ਲੈਣ ਵਾਲੇ ਅਜਮੇਰ ਸਿੱਧੂ ਨੇ ਪਰਿਵਾਰਕ ਸੇਧ ਅਤੇ ਦ੍ਰਿੜ ਇਰਾਦੇ ਵਾਲੀ ਭਾਵਨਾ ਨਾਲ ਬੀ.ਐੱਸ.ਸੀ., ਬੀ.ਐੱਡ. ਤੱਕ ਦੀ ਸਿੱਖਿਆ ਹਾਸਿਲ ਕੀਤੀ। ਅਜਮੇਰ ਸਿੱਧੂ ਨੂੰ ਬਚਪਨ ਤੋਂ ਹੀ ਕਿਤਾਬਾਂ ਨਾਲ ਗੂੜਾ ਮੋਹ ਸੀ ਅਤੇ ਦਸਵੀਂ ਤੱਕ ਪੁੱਜਦਿਆਂ ਹੀ ਉਨ੍ਹਾਂ ਨੇ ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਰਾਮ ਸਰੂਪ ਅਣਖੀ, ਪ੍ਰੋ ਮੋਹਨ ਸਿੰਘ, ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ ਅਤੇ ਹੋਰ ਲੇਖਕਾਂ ਦਾ ਸਾਹਿਤ ਪੜ੍ਹ ਲਿਆ ਸੀ। ਕਾਲਜ ਦੀ ਸਿੱਖਿਆ ਦੌਰਾਨ ਉਨ੍ਹਾਂ ਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਸਾਹਿਤ ਦਾ ਹੋਰ ਅਧਿਐਨ ਕੀਤਾ। ਇਸ ਅਧਿਐਨ ਵਿੱਚੋਂ ਹੀ ਉਨ੍ਹਾਂ ਅੰਦਰਲੇ ਲੇਖਕ ਨੇ ਅੰਗੜਾਈ ਲੈਣੀ ਆਰੰਭ ਕੀਤੀ। ਅਜਮੇਰ ਸਿੱਧੂ ਨੇ ਬੀ.ਐੱਸ.ਸੀ. ਬੀ.ਐੱਡ. ਉਪਰੰਤ ਸਕੂਲ ਵਿੱਚ ਸਾਇੰਸ ਅਧਿਆਪਕ ਦੀ ਨੌਕਰੀ ਹਾਸਿਲ ਕੀਤੀ। ਇਸ ਪਿੱਛੋਂ ਐੱਮ.ਏ. ਪੰਜਾਬੀ ਕੀਤੀ ਅਤੇ ਨਾਲੋ ਨਾਲ ਪੰਜਾਬੀ ਵਿੱਚ ਕਹਾਣੀਆਂ, ਜੀਵਨੀਆਂ ਅਤੇ ਹੋਰ ਖੋਜ ਲਿਖਤਾਂ ਲਿਖਣ ਦਾ ਸਫਰ ਜਾਰੀ ਰੱਖਿਆ। ਮੌਜੂਦਾ ਸਮੇਂ ਸ੍ਰੀ ਅਜਮੇਰ ਸਿੱਧ ਨਵਾਂ ਸ਼ਹਿਰ ਦੇ ਪਿੰਡ ਕਰੀਹਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੈਕਚਰਾਰ ਵੱਜੋਂ ਸੇਵਾ ਨਿਭਾਅ ਰਹੇ ਹਨ।


**© Copyright @ Authors**

ਅਜਮੇਰ ਸਿੱਧੂ ਦਾ ਸ਼ੁਮਾਰ ਪੰਜਾਬੀ ਦੇ ਉਨ੍ਹਾਂ ਲੇਖਕਾਂ ਵਿੱਚ ਆਉਂਦਾ ਹੈ ਜਿਹੜੇ ਸਾਹਿਤ ਨੂੰ ਸਮਾਜਿਕ ਤਬਦੀਲੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਮੰਨਦੇ ਹਨ। ਸਿੱਧੂ ਅਨੁਸਾਰ ਵੀ ਚੰਗਾ ਸਾਹਿਤ ਮਨੁੱਖਤਾ ਦਾ ਹਾਮੀ ਹੁੰਦਾ ਹੈ ਜਿਸ ਦੁਆਰਾ ਮਨੁੱਖ ਆਪਣੀ ਹੋਂਦ ਸਮੇਤ ਸਮਾਜ, ਧਰਮ, ਰਾਜਨੀਤੀ ਅਤੇ ਸਭਿਆਚਾਰ ਬਾਰੇ ਜਾਣੂੰ ਹੁੰਦਾ ਹੈ। ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਦਾ ਕੇਂਦਰ ਵੀ ਸਮਾਜ ਵਿੱਚੋਂ ਹਰ ਤਰ੍ਹਾਂ ਦੇ ਵਿਤਕਰੇ, ਭੇਦਭਾਵ ਤੇ ਸ਼ੋਸ਼ਣ ਦਾ ਅੰਤ ਕਰਨਾ ਹੈ। ਸਿੱਧੂ ਦੀਆਂ ਕਹਾਣੀਆਂ ਨੇ ਸਮਕਾਲੀ ਸਮੇਂ ਦੇ ਖਪਤ ਸਭਿਆਚਾਰ ਵਿੱਚ ਮਨੁੱਖ ਨੂੰ ਖਾਓ- ਪੀਓ ਐਸ਼ ਕਰੋ ਵਾਲੀ ਭਾਵਨਾ ਤੋਂ ਟੁੱਟਣ ਦੀ ਪ੍ਰੇਰਨਾ ਦੇ ਕੇ ਉਸਾਰੂ ਕਦਰਾਂ ਕੀਮਤਾਂ ਨਾਲ ਜੋੜਨ ਅਤੇ ਸੰਘਰਸ਼ਸ਼ੀਲ ਰਹਿਣ ਦੀ ਸੋਝੀ ਦਿੱਤੀ ਹੈ।

ਸਿੱਧੂ ਦਾ ਪਹਿਲਾ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' 1998 ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਪਿੱਛੋਂ 2004 ਵਿੱਚ ਦੂਜਾ ਕਹਾਣੀ ਸੰਗ੍ਰਹਿ ' ਖੂਹ ਗਿੜਦਾ ਹੈ', 2013 ਵਿੱਚ 'ਖੁਸ਼ਕ ਅੱਖ ਦਾ ਖਾਬ', ਅਤੇ 2018 ਵਿੱਚ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਪ੍ਰਕਾਸ਼ਿਤ ਹੋਇਆ। ਸਿੱਧੂ ਦੀਆਂ ਇਨ੍ਹਾਂ ਕਹਾਣੀ ਸੰਗ੍ਰਹਿਾਂ ਨੂੰ ਪਾਠਕਾਂ ਦਾ ਵੱਡਾ ਹੁੰਗਾਰਾ ਪ੍ਰਾਪਤ ਹੋਇਆ ਅਤੇ ਇਨ੍ਹਾਂ ਪੁਸਤਕਾਂ ਦੇ ਕਈ ਕਈ ਐਡੀਸ਼ਨ ਪ੍ਰਕਾਸ਼ਿਤ ਹੋਏ ਹਨ। ਇਨ੍ਹਾਂ ਕਹਾਣੀਆਂ ਬਾਰੇ ਯੂਨੀਵਰਸਿਟੀਆਂ ਦੇ ਚਿੰਤਨੀ ਮਾਹੌਲ ਵਿੱਚ ਭਖਵੇਂ ਸੰਵਾਦ ਰਚਾਏ ਗਏ ਅਤੇ ਪੰਜਾਬੀ ਕਹਾਣੀ ਖੇਤਰ ਦੇ ਹਰ ਆਲੋਚਕ ਨੇ ਸਿੱਧੂ ਦੇ ਕਥਾ ਸੰਸਾਰ ਦਾ ਨੋਟਿਸ ਲਿਆ। ਅਜਮੇਰ ਦੀ ਕਹਾਣੀ ਜਿੱਥੇ ਮੱਧਵਰਗੀ ਮਨੁੱਖ ਦੇ ਦੰਭੀ ਕਿਸਮ ਦੇ ਕਿਰਦਾਰ ਬਾਰੇ, ਦੇਸ਼ ਦੀ ਵੰਡ ਬਾਰੇ, ਕਿਸਾਨੀ ਬਾਰੇ ਪਰਵਾਸ ਦੇ ਮਸਲਿਆਂ, ਨਵੀਂ ਪੀੜ੍ਹੀ ਦੀ ਸੋਚ ਅਤੇ ਔਰਤ ਦੀ ਸੰਵੇਦਨਾ ਬਾਰੇ ਲਗਾਤਾਰ ਲਿਖਦੇ ਰਹੇ ਉੱਥੇ ਹੀ ਉਨ੍ਹਾਂ ਦੀ ਪ੍ਰਾਪਤੀ ਪੰਜਾਬੀ ਕਹਾਣੀ ਵਿੱਚ ਵਿਗਿਆਨਕ ਫਿਕਸ਼ਨ ਦੀ ਵਿਧਾ ਨੂੰ ਪ੍ਰਫੁੱਲਿਤ ਕਰਨ ਵਿੱਚ ਹੈ। ਵਿਗਿਆਨ ਵਿਸ਼ੇ ਦੀਆਂ ਕਹਾਣੀਆਂ ਵਿੱਚ ਚਾਰ ਪੰਜ ਲੇਖਕ ਹੀ ਸਰਗਰਮ ਹਨ ਉਨ੍ਹਾਂ ਵਿੱਚ ਅਜਮੇਰ ਸਿੱਧੂ ਦਾ ਨਾਮ ਉਚੇਚੇ ਤੌਰ 'ਤੇ ਲਿਆ ਜਾਂਦਾ ਹੈ। ਉਨ੍ਹਾਂ ਦੀਆਂ ਹੋਰ ਚਰਚਿਤ ਕਹਾਣੀਆਂ ਵਿੱਚ 'ਸ਼ਾਇਦ ਰੰਮੀ ਮਨ ਜਾਏ, ਇਵਾਨ ਇਲੀਚ ਦੀ ਦੂਜੀ ਮੌਤ, ਥੇਹ, ਨਚੀਕੇਤਾ ਦੀ ਮੌਤ, ਖੁਸ਼ਕ ਅੱਖ ਦਾ ਖਾਬ, ਰੰਗ ਦੀ ਬਾਜ਼ੀ, ਢਾਹਵਾਂ ਦਿੱਲੀ ਦੇ ਕਿੰਗਰੇ ਆਦਿ ਮੁੱਖ ਹਨ।

ਪੰਜਾਬੀ ਦੇ ਪ੍ਰਸਿੱਧ ਆਲੋਚਕ ਮਰਹੂਨ ਡਾ ਸਤਿੰਦਰ ਨੂਰ ਅਕਸਰ ਕਿਹਾ ਕਰਦੇ ਸਨ ਕਿ ਅਜਮੇਰ ਸਿੱਧੂ ਨੇ 1947 ਦੀ ਵੰਡ ਬਾਰੇ ਇਕ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ" ਲਿਖੇ ਕੇ ਵੱਡਾ ਕਾਰਜ ਕੀਤਾ ਹੈ। ਡਾ ਨੂਰ ਇਸ ਕਹਾਣੀ ਨੂੰ 1947 ਦੀ ਵੰਡ ਨਾਲ ਜੁੜੇ ਸਾਹਿਤ ਦੀ ਬਹੁਤ ਵੱਡੀ ਰਚਨਾ ਸਿੱਧ ਕਰਦੇ ਹਨ। ਗੁਰਬਚਨ ਸਿੰਘ ਭੁੱਲਰ ਨੇ ਅਜਮੇਰ ਸਿੱਧੂ ਦੀ ਕਹਾਣੀ ਨੂੰ ਬਹੁਪਰਤੀ ਵਿਸ਼ਿਆ ਵਾਲੀ ਸਿੱਧ ਕੀਤਾ ਹੈ।[1]

ਕਹਾਣੀ ਖੇਤਰ ਤੋਂ ਇਲਾਵਾ ਕ੍ਰਾਂਤੀਕਾਰੀ ਦਰਸ਼ਨ ਦੁਸਾਂਝ ਦੇ ਜੀਵਨ ਬਾਰੇ 'ਤੁਰਦੇ ਪੈਰਾਂ ਦੀ ਦਾਸਤਾਨ' ਜੀਵਨੀ ਲਿਖੀ। ਪ੍ਰਸਿੱਧ ਕ੍ਰਾਂਤੀਕਾਰੀ ਅਤੇ ਨਕਸਲਬਾੜੀ ਲਹਿਰ ਦੇ ਮੋਢੀ ਬਾਬਾ ਬੂਝਾ ਸਿੰਘ ਦੀ ਜੀਵਨੀ 'ਤੇ ਉਨ੍ਹਾਂ ਦੀ ਲਿਖੀ ਪੁਸਤਕ 'ਗਦਰ ਤੋਂ ਨਕਸਲਵਾੜ ਤੱਕ' ਨੂੰ ਪੰਜਾਬੀ ਤੋਂ


**© Copyright @ Authors**

**Academe** *Journal of Education & Psychology* *ISSN: 2249-040X*
*Volume-16, Issue-2, Year-2026 (July-December)* *Peer Reviewed & Refereed Journal (IF: 6.25)*
*PP: 1-6* *Journal Website [www.academejournal.in](http://www.academejournal.in)*

ਇਲਾਵਾ ਹਿੰਦੀ, ਅੰਗਰੇਜ਼ੀ ਅਤੇ ਬੰਗਲਾ ਭਾਸ਼ਾ ਵਿੱਚ ਵੀ ਅਨੁਵਾਦ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਤਿਹਾਸ ਲੇਖਣੀ ਵਿੱਚ ਉਨ੍ਹਾਂ ਨੇ ਨਵਾਂ ਜ਼ਮਾਨਾ ਅਖ਼ਬਾਰ ਵਿੱਚ ਇਤਿਹਾਸ ਦੀਆਂ ਪੈੜਾਂ ਕਾਲਮ ਸ਼ੁਰੂ ਕੀਤਾ ਸੀ ਅਨੇਕਾਂ ਇਤਿਹਾਸਕ ਪਿੰਡਾਂ ਸ਼ਹਿਰਾਂ ਬਾਰੇ ਖੋਜ ਕਾਰਜ ਛਪਵਾਇਆ। ਬੰਗਾ ਸ਼ਹਿਰ ਬਾਰੇ ਉਨ੍ਹਾਂ ਦੀ ਪੁਸਤਕ ਤਵਾਰੀਖ ਬੰਗਾ ਵੀ ਛਪਾਈ ਅਧੀਨ ਹੈ।

ਇਸ ਤੋਂ ਇਲਾਵਾ ਸੰਪਾਦਨਾ ਦੇ ਖੇਤਰ ਵਿੱਚ ਅਜਮੇਰ ਸਿੱਧੂ ਦੀਆਂ ਅੱਠ ਪੁਸਤਕਾਂ ਵਿਸ਼ੇਸ਼ ਹਨ। ਜਿਨ੍ਹਾਂ ਵਿੱਚ ਸੰਤ ਰਾਮ ਉਦਾਸੀ ਬਾਰੇ 'ਕ੍ਰਾਂਤੀ ਲਈ ਬਲਦਾ ਕਣ ਕਣ' ਅਤੇ ਪਾਸ਼ ਦੀ ਚੋਣਵੀ ਕਵਿਤਾ ਗੰਭੀਰ ਕਿਸਮ ਦੇ ਕਾਰਜ ਹਨ।

ਅਜਮੇਰ ਸਿੱਧੂ ਇਸ ਵੇਲੇ ਵੀ ਲਗਾਤਾਰ ਸਰਗਰਮੀ ਨਾਲ ਲਿਖਣ ਵਾਲੀ ਕਲਮ ਦਾ ਦੂਜਾ ਨਾਮ ਹੈ। ਉਨ੍ਹਾਂ ਦੀਆਂ ਕਹਾਣੀਆਂ ਉੱਤੇ ਐੱਮ.ਫਿਲ. ਪੱਧਰ ਦੇ ਛੇ ਖੋਜ ਨਿਬੰਧ ਲਿਖੇ ਜਾ ਚੁੱਕੇ ਹਨ। ਉਨ੍ਹਾਂ ਦੀਆਂ ਕਹਾਣੀਆਂ ਉੱਤੇ ਪੀ.ਐੱਚ.ਡੀ. ਦੇ ਸੱਤ ਖੋਜ ਨਿੰਬਧ ਲਿਖੇ ਜਾ ਚੁੱਕੇ ਹਨ। ਅਨੇਕਾਂ ਕਹਾਣੀਆਂ, ਜੀਵਨੀ ਸਾਹਿਤ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਹੈ। ਲੇਖਕ ਨੂੰ ਭਾਸ਼ਾ ਵਿਭਾਗ ਸਮੇਤ ਯੂਨੀਵਰਸਿਟੀਆਂ,ਕਾਲਜਾਂ ਅਤੇ ਕਈ ਸਾਹਿਤ ਸਭਾਵਾਂ ਨੇ ਅਨੇਕਾਂ ਇਨਾਮਾਂ ਸਨਮਾਨਾਂ ਨਾਲ ਨਿਵਾਜਿਆ ਹੈ। ਉਨ੍ਹਾਂ ਨੇ ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਸਮੇਤ ਭਾਰਤ ਦੇ ਅਨੇਕਾਂ ਪ੍ਰਾਂਤਾਂ ਵਿੱਚ ਹੁੰਦੀਆਂ ਸਾਹਿਤਕ ਕਾਨਫਰੰਸਾਂ ਵਿੱਚ ਡੈਲੀਗੇਟ ਵੱਜੋਂ ਹਿੱਸਾ ਲੈ ਕੇ ਦੁਆਬਾ ਖੇਤਰ ਦਾ ਨਾਮ ਉੱਚਾ ਕੀਤਾ ਹੈ।[2]

ਅਜਮੇਰ ਸਿੱਧੂ ਦੀ ਚਰਚਿਤ ਕਹਾਣੀ 'ਨਚੀਕੇਤਾ ਦੀ ਮੌਤ' ਵਿਚਾਰਧਾਰਕ ਪੱਖ ਤੋਂ ਬਹੁਤ ਗਹਿਰੀ ਅਤੇ ਅਰਥਪੂਰਨ ਹੈ। ਇਹ ਕਹਾਣੀ ਪੁਰਾਤਨ ਮਿਥਿਹਾਸ ਅਤੇ ਆਧੁਨਿਕ ਰਾਜਨੀਤਿਕ ਯਥਾਰਥ ਦਾ ਇੱਕ ਅਦਭੁਤ ਸੁਮੇਲ ਹੈ।

ਇਸ ਕਹਾਣੀ ਵਿੱਚ ਵਿਚਾਰਧਾਰਾ ਦੀ ਪੇਸ਼ਕਾਰੀ ਦੇ bhuq swry ਨੁਕਤੇ ਹਨ[ਅਜਮੇਰ ਸਿੱਧੂ ਨੇ ਕਠੋਪਨਿਸ਼ਦ ਦੀ ਨਚੀਕੇਤਾ ਵਾਲੀ ਮਿਥ ਨੂੰ ਆਧੁਨਿਕ ਪ੍ਰਸੰਗ ਵਿੱਚ ਵਰਤਿਆ ਹੈ। ਇਹ ਵਿਚਾਰਧਾਰਕ ਤੌਰ ਤੇ ਅੰਧ-ਵਿਸ਼ਵਾਸ ਨੂੰ ਤਿਆਗ ਕੇ ਤਰਕਸ਼ੀਲਤਾ ਵੱਲ ਵਧਣ ਦਾ ਸੰਕੇਤ ਹੈ। ਕਹਾਣੀ ਦੀ ਮੂਲ ਵਿਚਾਰਧਾਰਾ ਸਥਾਪਤ ਰਾਜਨੀਤਿਕ ਅਤੇ ਸਮਾਜਿਕ ਢਾਂਚੇ ਨੂੰ ਚੁਣੌਤੀ ਦੇਣਾ ਹੈ। ਨਚੀਕੇਤਾ ਅਜੋਕੇ ਨੌਜਵਾਨ ਦਾ ਪ੍ਰਤੀਕ ਹੈ ਜੋ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਸਰਕਾਰੀ ਜਬਰ ਵਿਰੁੱਧ ਆਵਾਜ਼ ਉਠਾਉਂਦਾ ਹੈ। ਉਸ ਦੀ ਮੌਤ ਅਸਲ ਵਿੱਚ ਸਿਸਟਮ ਦੁਆਰਾ ਇੱਕ ਸੱਚੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਹੈ।[3]

ਇਸ ਕਹਾਣੀ ਵਿੱਚ ਸ਼ੋਸ਼ਕ (ਜਮਰਾਜ/ਸਰਕਾਰ) ਅਤੇ ਸ਼ੋਸ਼ਿਤ (ਨਚੀਕੇਤਾ/ਆਮ ਜਨਤਾ) ਦਾ ਦਵੰਦ ਸਪੱਸ਼ਟ ਹੈ। ਲੇਖਕ ਇਹ ਦਰਸਾਉਂਦਾ ਹੈ ਕਿ ਕਿਵੇਂ ਸੱਤਾਧਾਰੀ ਵਰਗ ਆਪਣੇ ਮੁਫ਼ਾਦਾਂ ਲਈ ਨੌਜਵਾਨ ਪੀੜ੍ਹੀ ਦੀਆਂ ਉਮੰਗਾਂ ਦਾ ਕਤਲ ਕਰਦਾ ਹੈ। ਇਹ ਕਹਾਣੀ ਜਮਾਤੀ ਸੰਘਰਸ਼ ਨੂੰ ਇੱਕ ਬੌਧਿਕ ਪੱਧਰ ਤੇ ਪੇਸ਼ ਕਰਦੀ ਹੈ। ਨਚੀਕੇਤਾ ਦਾ ਪਾਤਰ ਆਪਣੀ ਹੋਂਦ ਅਤੇ ਸੱਚਾਈ ਲਈ ਮੌਤ ਨੂੰ ਵੀ ਪ੍ਰਵਾਨ ਕਰ ਲੈਂਦਾ ਹੈ। ਇਹ ਉਸ ਦੀ ਆਪਣੀ ਵਿਚਾਰਧਾਰਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਹ ਸਮਝੌਤਾਵਾਦੀ ਨਹੀਂ ਹੈ। ਸਿੱਧੂ ਇਹ ਸਥਾਪਿਤ ਕਰਦੇ ਹਨ ਕਿ ਵਿਚਾਰਧਾਰਕ ਲੜਾਈ ਵਿੱਚ ਸਰੀਰਕ ਮੌਤ ਨਾਲ ਵਿਚਾਰ ਨਹੀਂ ਮਰਦੇ।


**© Copyright @ Authors**

ਅਜਮੇਰ ਸਿੱਧੂ ਦੀ ਹਰ ਰਚਨਾ ਵਾਂਗ ਇਸ ਵਿੱਚ ਵੀ ਵਿਗਿਆਨਕ ਪਹੁੰਚ ਕੰਮ ਕਰਦੀ ਹੈ। ਉਹ ਮੌਤ ਨੂੰ ਕਿਸੇ ਰੱਬੀ ਕਹਿਰ ਵਜੋਂ ਨਹੀਂ, ਸਗੋਂ ਸਮਾਜਿਕ-ਆਰਥਿਕ ਕਾਰਨਾਂ ਦੇ ਨਤੀਜੇ ਵਜੋਂ ਪੇਸ਼ ਕਰਦੇ ਹਨ।[4]

"ਸਾਨੂੰ ਵੀ ਨਚੀਕੇਤਾ ਬਣਨਾ ਚਾਹੀਦਾ। ਆਪਣੇ ਵੱਡੇ ਗੁਰੂ ਬੜੇ ਮਹਾਨ ਨੇ ਜੋ ਕੁੱਝ ਵੀ ਕਹਿੰਦੇ ਨੇ ਉਹਨਾਂ ਦੀ ਆਗਿਆ ਦਾ ਪਾਲਣ ਕਰਦਾ ਹਾਂ। ਸਾਰੀ ਜ਼ਿੰਦਗੀ ਹੀ ਉਹਨਾਂ ਦੇ ਦੱਸੇ ਰਾਹ 'ਤੇ ਚੱਲਿਆ ਹਾਂ। ਉਹਨਾਂ ਦਾ ਇੱਕੋ-ਇੱਕ ਕਹਿਣਾ ਹੈ ਕਿ ਪ੍ਰਮਾਤਮਾ ਦੀ ਰਜ਼ਾ 'ਚ ਰਹੋ"।( ਨਚੀਕੇਤਾ ਦੀ ਮੌਤ, ਪੰਨਾ 59-60)[5]

ਅਜਮੇਰ ਸਿੱਧੂ ਦੀ ਕਹਾਣੀ 'ਖੁਸ਼ਕ ਅੱਖ ਦਾ ਖ਼ਾਬ''ਵਿਚਾਰਧਾਰਕ ਪੱਖੋਂ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਗੁੰਝਲਦਾਰ ਰਚਨਾ ਹੈ। ਇਹ ਕਹਾਣੀ ਮੁੱਖ ਤੌਰ ''ਤੇ ਮਾਨਵਵਾਦੀ, ਪ੍ਰਗਤੀਵਾਦੀ ਅਤੇ ਰਾਜਨੀਤਿਕ ਚੇਤਨਾ ਦੇ ਸੁਮੇਲ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਵਿਚਾਰਧਾਰਾ ਦਾ ਕੇਂਦਰੀ ਨੁਕਤਾ ਰਾਜਸੀ ਪ੍ਰਬੰਧ ਰਾਹੀਂ ਕੀਤੇ ਜਾਂਦੇ ਜਬਰ ਵਿਰੁੱਧ ਆਵਾਜ਼ ਉਠਾਉਣਾ ਹੈ। ਇਹ ਕਹਾਣੀ ਪੰਜਾਬ ਦੇ ਉਸ ਕਾਲੇ ਦੌਰ (ਅੱਤਵਾਦ ਦੇ ਸਮੇਂ) ਦੀ ਪਿੱਠਭੂਮੀ ਵਿੱਚ ਲਿਖੀ ਗਈ ਹੈ, ਜਿੱਥੇ ਆਮ ਮਨੁੱਖ ਪੁਲਿਸ ਜਬਰ ਅਤੇ ਸਿਸਟਮ ਦੀ ਬੇਰੁਖ਼ੀ ਦਾ ਸ਼ਿਕਾਰ ਹੁੰਦਾ ਹੈ। ਲੇਖਕ ਦੀ ਵਿਚਾਰਧਾਰਾ ਇੱਥੇ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਖੜ੍ਹਦੀ ਹੈ।[6]

ਅਸੀ ਤੈਨੂੰ ਵਰਲਡ ਲੈਵਲ ਦਾ ਇੰਜੀਨੀਅਰ ਬਣਾਇਆ ਤੇ ਤੂੰ ਸਾਨੂੰ ਕੀ ਦਿੱਤਾ, ਉਏ?...........ਬਦਨਾਮੀ। ਸਾਡਾ ਲੋਕਾਂ ਵਿੱਚ ਜੀਣਾ ਹਰਾਮ ਕੀਤਾ, ਇਹਦੇ ਨਾਲੋਂ ਤਾਂ ਚੰਗਾ ਸੀ ਕੁੱਲਛਣਿਆਂ ਜੰਮਦਾ ਹੀ ਮਰ ਜਾਂਦਾ।ਸਬਰ ਕਰ ਲੈਂਦੇ।"

( ਖੁਸ਼ਕ ਅੱਖ ਦਾ ਖ਼ਾਬ, ਪੰਨਾ, 74)[7]

ਕਹਾਣੀ ਦਾ ਸਿਰਲੇਖ 'ਖੁਸ਼ਕ ਅੱਖ ਦਾ ਖ਼ਾਬ'ਆਪਣੇ ਆਪ ਵਿੱਚ ਇੱਕ ਵੱਡਾ ਵਿਚਾਰਧਾਰਕ ਸੰਕੇਤ ਹੈ। ਖੁਸ਼ਕ ਅੱਖ ਉਸ ਮਨੁੱਖ ਦੀ ਪ੍ਰਤੀਕ ਹੈ ਜਿਸ ਦੇ ਹੰਝੂ ਸੁੱਕ ਚੁੱਕੇ ਹਨ ਪਰ ਫਿਰ ਵੀ ਉਸ ਦੀ ਅੱਖ ਵਿੱਚ ਇੱਕ ਖ਼ਾਬ (ਸੁਪਨਾ) ਹੈ। ਇਹ ਸੁਪਨਾ ਇੱਕ ਅਜਿਹੇ ਸਮਾਜ ਦਾ ਹੈ ਜਿੱਥੇ ਨਿਆਂ ਹੋਵੇ। ਇਹ ਆਸ਼ਾਵਾਦੀ ਵਿਚਾਰਧਾਰਾ ਨੂੰ ਦਰਸਾਉਂਦਾ ਹੈ ਕਿ ਅਤਿ ਦੇ ਜਬਰ ਵਿੱਚ ਵੀ ਬਿਹਤਰ ਭਵਿੱਖ ਦੀ ਲੋਅ ਬਾਕੀ ਰਹਿੰਦੀ ਹੈ। ਸਿੱਧੂ ਇਸ ਕਹਾਣੀ ਰਾਹੀਂ ਇਹ ਵਿਚਾਰ ਪੇਸ਼ ਕਰਦੇ ਹਨ ਕਿ ਸਮਾਜਿਕ ਤਬਦੀਲੀ ਲਈ ਸਿਰਫ਼ ਭਾਸ਼ਣਬਾਜ਼ੀ ਕਾਫ਼ੀ ਨਹੀਂ, ਸਗੋਂ ਨਿੱਜੀ ਕੁਰਬਾਨੀ ਅਤੇ ਨੈਤਿਕ ਦ੍ਰਿੜਤਾ ਦੀ ਲੋੜ ਹੈ। ਪਾਤਰਾਂ ਰਾਹੀਂ ਉਹ ਇਹ ਦਿਖਾਉਂਦੇ ਹਨ ਕਿ ਕਿਵੇਂ ਇੱਕ ਆਮ ਬੰਦਾ ਵੀ ਸਿਸਟਮ ਦੇ ਵੱਡੇ-ਵੱਡੇ ਝੂਠਾਂ ਦੇ ਸਾਹਮਣੇ ਸੱਚ 'ਤੇ ਅੜ ਕੇ ਖੜ੍ਹ ਸਕਦਾ ਹੈ। " ਜੇ ਭੁੱਖੇ ਮਰਦੇ ਆ ਤਾਂ ਕੀ ਧੀਆਂ ਭੈਣਾਂ ਨੂੰ ਜਿਸਮ ਵੇਚਣ ਲਾ ਦੇਈਏ? ਸਾਲਿਓ ਸ਼ਰਮ ਕਰੋ"। ( ਖੁਸ਼ਕ ਅੱਖ ਦਾ ਖ਼ਾਬ, ਪੰਨਾ, 29)[8]

ਅਜਮੇਰ ਸਿੱਧੂ ਦੀ ਵਿਚਾਰਧਾਰਾ ਵਿੱਚ ਅੰਧ-ਵਿਸ਼ਵਾਸ ਜਾਂ ਕਿਸੇ ਭਾਗਵਾਦ ਲਈ ਕੋਈ ਥਾਂ ਨਹੀਂ ਹੈ। 'ਖੁਸ਼ਕ ਅੱਖ ਦਾ ਖ਼ਾਬ' ਵਿੱਚ ਉਹ ਦਿਖਾਉਂਦੇ ਹਨ ਕਿ ਮਨੁੱਖ ਦੀਆਂ ਤਕਲੀਫ਼ਾਂ ਦਾ ਕਾਰਨ ਕੋਈ ਕਰਮਾਂ ਦਾ ਲੇਖ ਨਹੀਂ, ਸਗੋਂ ਗ਼ਲਤ ਰਾਜਨੀਤਿਕ ਨੀਤੀਆਂ ਅਤੇ ਸਮਾਜਿਕ ਢਾਂਚਾ ਹੈ। ਇਹ ਤਰਕਸ਼ੀਲਤਾ ਲੇਖਕ ਦੀ ਵਿਚਾਰਧਾਰਾ ਦਾ ਮੁੱਢਲਾ ਆਧਾਰ ਹੈ। ਇਸ ਕਹਾਣੀ ਵਿੱਚ ਸਪੱਸ਼ਟ ਰੂਪ ਵਿੱਚ ਦੋ ਧਿਰਾਂ ਹਨ: ਇੱਕ ਪਾਸੇ ਸੱਤਾ ਹੈ ਜੋ ਝੂਠੇ ਮੁਕਾਬਲੇ ਬਣਾਉਂਦੀ ਹੈ ਅਤੇ ਦੂਜੇ ਪਾਸੇ ਆਮ


**© Copyright @ Authors**

ਜਨਤਾ ਹੈ ਜੋ ਸੱਚ ਦੀ ਤਲਾਸ਼ ਵਿੱਚ ਹੈ। ਸਿੱਧੂ ਦੀ ਵਿਚਾਰਧਾਰਾ ਪੂਰੀ ਤਰ੍ਹਾਂ ਆਮ ਬੰਦੇ ਦੇ ਪੱਖ ਵਿੱਚ ਵਿੱਚ ਭੁਗਤਦੀ ਹੈ ਅਤੇ ਸੱਤਾ ਦੇ ਨੰਗੇ ਨਾਚ ਨੂੰ ਬੇਪਰਦ ਕਰਦੀ ਹੈ।

"ਜਦੋਂ ਮੇਰੀਆਂ ਧੀਆਂ ਕੰਮ ਤੋਂ ਆਉਂਦੀਆਂ, ਮੈਂ ਇਹ ਕੰਗਣੀ ਵਾਲੇ ਗਲਾਸ ਦੁੱਧ ਦੇ ਭਰ ਕੇ ਪਿਲਾਂਦੀ ਆ।ਹੁਣ ਤਾਂ ਬੀਅਰ ਤੋਂ ਉਰ੍ਹੇ ਗੱਲਾਂ ਵੀ ਨਹੀਂ ਕਰਦੀਆਂ"। ( ਖੁਸ਼ਕ ਅੱਖ ਦਾ ਖ਼ਾਬ, ਪੰਨਾ, 27)[9]

ਅਜਮੇਰ ਸਿੱਧੂ ਦੀ ਕਹਾਣੀ 'ਰੰਗ ਦੀ ਬਾਜ਼ੀ'ਉਨ੍ਹਾਂ ਦੀ ਵਿਚਾਰਧਾਰਕ ਪਰਿਪੱਕਤਾ ਦਾ ਇੱਕ ਉੱਤਮ ਨਮੂਨਾ ਹੈ। ਇਹ ਕਹਾਣੀ ਮੁੱਖ ਤੌਰ 'ਤੇ ਦਲਿਤ ਚੇਤਨਾ, ਜਮਾਤੀ ਸੰਘਰਸ਼ ਅਤੇ ਮਨੁੱਖੀ ਸਵੈ-ਮਾਣ ਦੇ ਆਲੇ-ਦੁਆਲੇ ਘੁੰਮਦੀ ਹੈ। 'ਰੰਗ ਦੀ ਬਾਜ਼ੀ' ਦੀ ਮੂਲ ਵਿਚਾਰਧਾਰਾ ਦਲਿਤ ਵਰਗ ਦੀ ਪੀੜਾ ਨੂੰ ਸਿਰਫ਼ ਪੇਸ਼ ਕਰਨਾ ਨਹੀਂ, ਸਗੋਂ ਉਨ੍ਹਾਂ ਵਿੱਚ ਸਵੈ-ਮਾਣ ਦੀ ਭਾਵਨਾ ਜਗਾਉਣਾ ਹੈ। ਕਹਾਣੀ ਦੇ ਪਾਤਰ ਰਵਾਇਤੀ ਜਾਤੀਗਤ ਵਿਤਕਰੇ ਨੂੰ ਚੁਣੌਤੀ ਦਿੰਦੇ ਹਨ। ਸਿੱਧੂ ਇੱਥੇ ਇਹ ਸਥਾਪਿਤ ਕਰਦੇ ਹਨ ਕਿ ਮਨੁੱਖ ਦੀ ਪਛਾਣ ਉਸ ਦੇ ਜਨਮ ਜਾਂ ਜਾਤ ਨਾਲ ਨਹੀਂ, ਸਗੋਂ ਉਸ ਦੇ ਕੰਮ ਅਤੇ ਮਨੁੱਖੀ ਗੁਣਾਂ ਨਾਲ ਹੋਣੀ ਚਾਹੀਦੀ ਹੈ।

"ਉਠ ਬਈ, ਇਸ ਝੂਠੇ ਅਤੇ ਮਨਮੁੱਖ ਬੰਦੇ ਦੇ ਕੂੜ ਪ੍ਰਚਾਰ ਮਗਰ ਨ੍ਹੀਂ ਲੱਗਣਾ ਚਾਹੀਦਾ। ਜਿਹੜੀ ਗੱਲ ਹੋਏ ਨ੍ਹੀਂ ਸਕਦੀ, ਉਹ ਸੁਣਨੀ ਕਿਉਂ ਐ?" (ਰੰਗ ਦੀ ਬਾਜ਼ੀ, ਪੰਨਾ 53)[10]

ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ, ਲੇਖਕ ਨੇ ਦਿਖਾਇਆ ਹੈ ਕਿ ਕਿਵੇਂ ਸਮਾਜ ਵਿੱਚ ਦੋ ਧਿਰਾਂ ਹਨ—ਇੱਕ ਸ਼ੋਸ਼ਣ ਕਰਨ ਵਾਲੀ (ਉੱਚੀ ਜਾਤ/ਅਮੀਰ) ਅਤੇ ਦੂਜੀ ਸ਼ੋਸ਼ਿਤ (ਕਿਰਤੀ/ਦਲਿਤ)। 'ਰੰਗ ਦੀ ਬਾਜ਼ੀ' ਵਿੱਚ ਇਹ ਸੰਘਰਸ਼ ਸਿਰਫ਼ ਆਰਥਿਕ ਨਹੀਂ, ਸਗੋਂ ਮਾਨਸਿਕ ਅਤੇ ਸਮਾਜਿਕ ਪੱਧਰ 'ਤੇ ਵੀ ਲੜਿਆ ਜਾਂਦਾ ਹੈ। ਕਹਾਣੀ ਦਾ ਸਿਰਲੇਖ 'ਰੰਗ ਦੀ ਬਾਜ਼ੀ' ਚਮੜੀ ਦੇ ਰੰਗ (ਕਾਲਾ/ਗੋਰਾ) ਅਤੇ ਸਮਾਜਿਕ ਰੁਤਬੇ ਦੇ ਦਵੰਦ ਨੂੰ ਦਰਸਾਉਂਦਾ ਹੈ। ਸਿੱਧੂ ਦੀ ਵਿਚਾਰਧਾਰਾ ਅਨੁਸਾਰ ਰੰਗ ਜਾਂ ਨਸਲ ਦੇ ਆਧਾਰ 'ਤੇ ਕੀਤਾ ਜਾਣ ਵਾਲਾ ਕੋਈ ਵੀ ਵਿਤਕਰਾ ਗ਼ੈਰ-ਮਨੁੱਖੀ ਹੈ। ਉਹ ਇਸ ਕਹਾਣੀ ਰਾਹੀਂ ਬਰਾਬਰੀ ਦਾ ਸੁਨੇਹਾ ਦਿੰਦੇ ਹਨ।

ਜਦੋਂ ਬੱਸ ਚੱਲ ਰਹੀ ਹੁੰਦੀ ਏ, ਉਹ ਤੇ ਸਵਾਰੀਆਂ ਗਤੀ ਵਿੱਚ ਹੁੰਦੀਆਂ ਹਨ।ਅਚਾਨਕ ਬੱਸ ਦੇ ਰੁਕਣ 'ਤੇ ਬੱਸ ਅਤੇ ਸਵਾਰੀਆਂ ਦੇ ਸਰੀਰ ਦਾ ਹੇਠਲਾ ਹਿੱਸਾ ਵਿਰਾਮ ਅਵਸਥਾ ਵਿੱਚ ਆ ਜਾਂਦੇ ਹਨ, ਪਰ ਸਵਾਰੀਆਂ ਦੇ ਸਰੀਰ ਦਾ ਉੱਪਰਲਾ ਹਿੱਸਾ ਗਤੀ ਵਿੱਚ ਹੋਣ ਕਾਰਨ ਹੀ ਉਹ ਅੱਗੇ ਵੱਲ ਡਿੱਗਦੀਆਂ ਹਨ। ਅਜਿਹਾ ਗਤੀ ਦੀ ਜੜ੍ਹਤਾ ਕਾਰਨ ਵਾਪਰਦਾ ਹੈ।ਬਿੱਲੀ ਦੀ ਜੀਭ ਦਾ ਦੁੱਧ ਅੰਦਰ ਵੱਲ ਖਿੱਚਣਾ ਇਸੇ ਜੜ੍ਹਤਾ ਦੇ ਕਾਰਨ ਹੈ"।(ਰੰਗ ਦੀ ਬਾਜ਼ੀ, ਪੰਨਾ,46)[11]

ਲੇਖਕ ਇਹ ਵਿਚਾਰ ਪੇਸ਼ ਕਰਦੇ ਹਨ ਕਿ ਦਲਿਤ ਅਤੇ ਪਛੜੇ ਵਰਗ ਦੀ ਮੁਕਤੀ ਸਿਰਫ਼ ਹਮਦਰਦੀ ਨਾਲ ਨਹੀਂ, ਸਗੋਂ ਸਿੱਖਿਆ ਅਤੇ ਜਾਗਰੂਕਤਾ ਨਾਲ ਸੰਭਵ ਹੈ। ਜਦੋਂ ਪਾਤਰ ਆਪਣੇ ਹੱਕਾਂ ਪ੍ਰਤੀ ਸੁਚੇਤ ਹੁੰਦੇ ਹਨ, ਤਾਂ ਉਹ ਸਥਾਪਤੀ ਦੀਆਂ ਮਿੱਥਾਂ ਨੂੰ ਤੋੜਨ ਦੇ ਸਮਰੱਥ ਹੁੰਦੇ ਹਨ।ਅਜਮੇਰ ਸਿੱਧੂ ਦੀ ਹਰ ਕਹਾਣੀ ਵਾਂਗ ਇਸ ਵਿੱਚ ਵੀ ਕਿਰਤ ਨੂੰ ਗੌਰਵਮਈ ਸਥਾਨ ਦਿੱਤਾ ਗਿਆ ਹੈ। ਉਹ ਦਿਖਾਉਂਦੇ ਹਨ ਕਿ ਜਿਹੜਾ ਹੱਥ ਸਿਰਜਣਾ ਕਰਦਾ ਹੈ, ਉਹ ਕਦੇ ਨੀਵਾਂ ਨਹੀਂ ਹੋ ਸਕਦਾ। ਇਹ ਵਿਚਾਰਧਾਰਾ ਕਿਰਤੀ ਜਮਾਤ ਨੂੰ ਸਮਾਜ ਦਾ ਅਸਲ ਨਿਰਮਾਤਾ ਮੰਨਦੀ ਹੈ।

## ਹਵਾਲੇ ਅਤੇ ਟਿੱਪਣੀਆਂ:

1. ਅਜਮੇਰ ਸਿੱਧੂ ਦੀ ਕਹਾਣੀ ਦਾ ਸ਼ਿਲਪ ਵਿਧਾਨ – ਡਾ. ਜੇ.ਬੀ ਸੇਖੋਂ


**© Copyright @ Authors**

2. ਅਜਮੇਰ ਸਿੱਧੂ ਦਾ ਕਹਾਣੀ ਜਗਤ: ਵਿਭਿੰਨ ਪਾਸਾਰ - ਕੇਵਲ ਰਾਮ
3. ਅਜਮੇਰ ਸਿੱਧੂ ਦਾ ਕਹਾਣੀ ਸੰਗ੍ਰਹਿ 'ਰੰਗ ਦੀ ਬਾਜ਼ੀ' ਵਿਚਾਰਧਾਰਾਈ ਅਧਿਐਨ- ਡਾ.ਗੁਰਪ੍ਰੀਤ ਸਿੰਘ
4. ਨਚੀਕੇਤਾ ਦੀ ਮੌਤ - ਅਜਮੇਰ ਸਿੱਧੂ
5. ਨਚੀਕੇਤਾ ਦੀ ਮੌਤ, ਪੰਨਾ 59-60
6. ਖੁਸ਼ਕ ਅੱਖ ਦਾ ਖ਼ਾਬ - ਅਜਮੇਰ ਸਿੱਧੂ
7. ਖੁਸ਼ਕ ਅੱਖ ਦਾ ਖ਼ਾਬ, ਪੰਨਾ, 74
8. ਖੁਸ਼ਕ ਅੱਖ ਦਾ ਖ਼ਾਬ, ਪੰਨਾ, 29
9. ਖੁਸ਼ਕ ਅੱਖ ਦਾ ਖ਼ਾਬ, ਪੰਨਾ, 27
10. ਰੰਗ ਦੀ ਬਾਜ਼ੀ, ਪੰਨਾ, 53
11. ਰੰਗ ਦੀ ਬਾਜ਼ੀ, ਪੰਨਾ, 46


**© Copyright @ Authors**